# ਬੀ.ਸੀ. ਦੇ ਜੰਗਲਾਂ ਵਿਚ ਕੰਮ ਕਰਨ ਵਾਲੇ ਵਰਕਰਾਂ ਲਈ ਕੰਮ ਦੇ ਹਾਲਾਤ ਸੁਰੱਖਿਅਤ ਬਣਾਉਣ ਦੀ ਮੰਗ

ਕੰਮ ਦੌਰਾਨ ਗੰਭੀਰ ਜ਼ਖ਼ਮੀ ਹੋਣ ਜਾਂ ਮਾਰੇ ਜਾਣ ਦੇ ਵਾਕਿਆਤ ਵਿਚ ਵਾਧੇ ਨੂੰ ਮੱਦੇ ਨਜ਼ਰ ਰੱਖਦੇ ਹੋਏ ਬ੍ਰਿਟਿਸ਼ ਕੋਲੰਬੀਆ ਦੇ ਵਣ ਮਜ਼ਦੂਰ ਸਰਕਾਰ ਤੋਂ ਮੰਗ ਕਰ ਰਹੇ ਹਨ ਕਿ ਕੰਮ ਉਤੇ ਉਨ੍ਹਾਂ ਦੀ ਸਲਾਮਤੀ ਯਕੀਨੀ ਬਣਾਈ ਜਾਵੇ। ਇਸ ਸਾਲ ਬੀ.ਸੀ. ਦੇ ਜੰਗਲਾਂ ਵਿਚ ਕੰਮ ਕਰਦੇ 27 ਮਜ਼ਦੂਰ ਮਾਰੇ ਗਏ ਅਤੇ 58 ਗੰਭੀਰ ਰੂਪ ਵਿਚ ਜ਼ਖ਼ਮੀ ਹੋਏ ਹਨ।

ਯੂਨਾਈਟਿਡ ਸਟੀਲ ਵਰਕਰਜ਼ ਦੀ 2171 ਲੋਕਲ ਨੇ, ਜੋ ਤੱਟ-ਵਰਤੀ ਜੰਗਲਾਂ ਵਿਚ ਕੰਮ ਕਰਦੇ ਮਜ਼ਦੂਰਾਂ ਦੀ ਨੁਮਾਇੰਦਗੀ ਕਰਦੀ ਹੈ, ਹੁਣੇ ਜਿਹੇ ਇਕ ਮਤਾ ਪਾਸ ਕੀਤਾ ਹੈ ਕਿ ਕੰਮ ਉੱਤੇ ਹੁਣ ਜਦੋਂ ਵੀ ਕਿਸੇ ਵਰਕਰ ਦੀ ਮੌਤ ਹੋਈ ਤਾਂ ਜੰਗਲਾਤ ਦੀ ਅਜਾਰੇਦਾਰੀ ਤੋਂ ਮਜ਼ਦੂਰਾਂ ਦੀ ਸੁਰੱਖਿਆ ਦੀ ਮੰਗ ਕਰਨ ਲਈ ਸਾਰੀ ਲੱਕੜ ਸਨਅਤ ਵਿਚ ਇਕ ਦਿਨ ਦੀ ਹੜਤਾਲ ਕੀਤੀ ਜਾਵੇ। ਯੂਨਾਈਟਿਡ ਸਟੀਲ ਵਰਕਰਜ਼ ਦੀਆਂ ਹੋਰ ਬਰਾਂਚਾਂ ਨੇ ਵੀ ਇਹੋ ਜਿਹੇ ਮਤੇ ਪਾਸ ਕੀਤੇ ਹਨ। ਯੂਨੀਅਨ ਨੇ ਮੰਗ ਕੀਤੀ ਹੈ ਕਿ ਜੰਗਲਾਤ ਵਿਚ ਕੰਮ ਕਰਦੇ ਕਿਸੇ ਵੀ ਮਜ਼ਦੂਰ ਦੀ ਮੌਤ ਹੋਣ ਉੱਤੇ ਸਰਕਾਰ ਇਕ ਲਾਜ਼ਮੀ ਅਦਾਲਤੀ ਜਾਂਚ ਦੇ ਅਦੇਸ਼ ਦੇਵੇ।

ਬੀ.ਸੀ. ਦੀ ਲੱਕੜ ਦੀ ਸਨਅਤ ਵਿਚ ਕੁਲ ਨੱਬੇ ਹਜ਼ਾਰ ਮਜ਼ਦੂਰ ਕੰਮ ਕਰਦੇ ਹਨ ਜਿਹਦੇ ਵਿਚੋਂ ਅਠਾਈ ਹਜ਼ਾਰ ਜੰਗਲਾਂ ਵਿਚ ਕੰਮ ਕਰਦੇ ਹਨ। ਇਨ੍ਹਾਂ ਵਿਚੋਂ ਸੰਨ 1993 ਤੋਂ ਲੈ ਕੇ 2002 ਦੇ ਦੌਰਾਨ 250 ਮਾਰੇ ਗਏ ਅਤੇ 918 ਗੰਭੀਰ ਰੂਪ ਵਿਚ ਜ਼ਖ਼ਮੀ ਹੋਏ। ਜੰਗਲਾਤ ਸਨਅਤ ਵਿਚ ਗੰਭੀਰ ਜ਼ਖ਼ਮੀ ਹੋਣ ਦੀ ਦਰ ਬੀ.ਸੀ. ਦੀਆਂ ਹੋਰ ਸਨਅਤਾਂ ਦੇ ਮੁਕਾਬਲੇ ਛੇ ਗੁਣਾਂ ਜ਼ਿਆਦਾ ਹੈ ਅਤੇ ਮੌਤਾਂ ਹੋਣ ਦੀ ਦਰ ਦੂਜੀਆਂ ਸਾਰੀਆਂ ਸਨਅਤਾਂ ਨਾਲੋਂ ਦਸ ਗੁਣਾ ਜ਼ਿਆਦਾ ਹੈ। ਮਜ਼ਦੂਰਾਂ ਦੀ ਯੂਨੀਅਨ ਵਲੋਂ ਕਰਵਾਏ ਗਏ ਇਕ ਸਰਵੇ ਅਨੁਸਾਰ ਲੱਕੜ ਸਨਅਤ ਵਿਚ ਕੰਮ ਕਰਦੇ ਕੁਲ ਮਜ਼ਦੂਰਾਂ ਦਾ 75% ਤੋਂ ਵੀ ਉਪਰ ਹਿਸਾ ਕੰਮ ਕਰਦਿਆਂ ਕੋਈ ਨਾ ਕੋਈ ਸੱਟ ਜ਼ਰੂਰ ਲਵਾ ਬਹਿੰਦਾ ਹੈ। ਇਹਦੇ ਵਿਚ ਉਹ ਮਜ਼ਦੂਰ ਸ਼ਾਮਲ ਨਹੀਂ ਜਿਨ੍ਹਾਂ ਦੀਆਂ ਸੱਟਾਂ ਨੇ ਉਨ੍ਹਾਂ ਨੂੰ ਮੁੜ ਕੇ ਕੰਮ ਤੇ ਆਉਣ ਜੋਗੇ ਨਹੀਂ ਰਹਿਣ ਦਿੱਤਾ।

ਰੁੱਖ ਵੱਢ ਕੇ ਸੁੱਟਣ ਵਾਲਿਆਂ ਮਜ਼ਦੂਰਾਂ ਦੇ ਸਭ ਤੋਂ ਬਹੁਤੀਆਂ ਸੱਟਾਂ ਲੱਗਦੀਆਂ ਹਨ ਤੇ ਮੌਤਾਂ ਵੀ ਬਹੁਤੀਆਂ ਉਨ੍ਹਾਂ ਦੀਆਂ ਹੀ ਹੁੰਦੀਆਂ ਹਨ। 28 ਹਜ਼ਾਰ ਜੰਗਲਾਤ ਮਜ਼ਦੂਰਾਂ ਵਿਚੋਂ ਰੁੱਖ ਵੱਢਣ ਵਾਲੇ ਮਜ਼ਦੂਰ ਬੇਸ਼ੱਕ ਕੁਝ ਕੁ ਹਜ਼ਾਰ ਹੀ ਹਨ ਪਰ ਫੱਟੜ ਹੋਣ ਤੇ ਮਾਰੇ ਜਾਣ ਦੇ ਪੱਚੀ ਫ਼ੀ ਸਦੀ ਹਾਦਸੇ ਉਨ੍ਹਾਂ ਨਾਲ ਹੀ ਹੁੰਦੇ ਹਨ ਜੋ ਸਭ ਤੋਂ ਪਹਿਲਾਂ ਜੰਗਲ ਵਿਚ ਜਾਂਦੇ ਹਨ ਤੇ ਹੱਥਾਂ ਨਾਲ ਦਰਖ਼ਤਾਂ ਨੂੰ ਵੱਢ ਕੇ ਸੁੱਟਦੇ ਹਨ। ਔਨਟਾਰੀਓ, ਕਿਊਬੈਕ ਅਤੇ ਬੀ.ਸੀ. ਦੇ ਅੰਦਰੂਨੀ ਹਿਸਿਆਂ ਵਿਚ ਤਾਂ ਇਹ ਕੰਮ ਬਹੁਤਾ ਕਰਕੇ ਮਸ਼ੀਨਾਂ ਹੀ ਕਰਦੀਆਂ ਹਨ ਪਰ ਢਲਾਣਾਂ ਵਾਲੇ ਖ਼ਤਰਨਾਕ ਇਲਾਕਿਆਂ ਵਿਚ, ਜਿਵੇਂ ਕਿ ਬੀ.ਸੀ. ਦੇ ਤੱਟ-ਵਰਤੀ ਜੰਗਲਾਂ ਵਿਚ, ਹਾਲੇ ਵੀ ਇਹ ਕੰਮ ਮਜ਼ਦੂਰ ਹੱਥੀਂ ਹੀ ਕਰਦੇ ਹਨ।

22 ਸਤੰਬਰ ਨੂੰ, ਵੈਸਟਰਨ ਫ਼ਾਲਰਜ਼ ਐਸੋਸੀਏਸ਼ਨ(ਡਬਲਿਊ.ਐਫ਼.ਏ.), ਜੋ ਬੀ.ਸੀ. ਦੀ ਜੰਗਲਾਤ ਸਨਅਤ ਵਿਚ ਠੇਕੇਦਾਰਾਂ ਬਤੌਰ ਰੁੱਖ ਵੱਢਣ ਦਾ ਕੰਮ ਕਰਨ ਵਾਲਿਆਂ ਨੇ 2001 ਵਿਚ ਬਣਾਈ, ਨੇ ਇਕ ਪ੍ਰੈਸ ਕਾਨਫਰੰਸ ਕਰਕੇ ਇਕ ਰਿਪੋਰਟ ਪ੍ਰਕਾਸ਼ਤ ਕੀਤੀ ਤੇ ਕਿਹਾ "ਬ੍ਰਿਟਿਸ਼ ਕੋਲੰਬੀਆ ਦੇ ਵਣ ਮਜ਼ਦੂਰਾਂ ਨਾਲ ਹੁੰਦੇ ਹਾਦਸਿਆਂ ਵਿਚ ਵਾਧਾ ਕਰਨ ਵਾਲੇ ਤੱਤ ਅਤੇ ਉਨ੍ਹਾਂ ਨੂੰ ਘਟਾਉਣ ਦੇ ਉਪਾਅ ਕੀ ਹਨ ਕੰਮ ਦੀ ਥਾਂ ਦਾ ਇਕ ਨਜ਼ਰੀਆ"। ਇਸ ਰਿਪੋਰਟ ਨੂੰ ਡਬਲਿਊ.ਐਫ਼.ਏ. ਦੇ ਅਹੁਦੇਦਾਰ ਮਾਈਕ ਮਿਕਿਬਨ ਨੇ ਡਬਲਿਊ.ਐਫ਼.ਏ. ਦੇ ਮੈਂਬਰ ਕਾਮਿਆਂ ਨਾਲ ਕੀਤੀਆਂ ਲੰਮੀਆਂ ਚੌੜੀਆਂ ਮੁਲਾਕਾਤਾਂ ਦੇ ਅਧਾਰ ਤੇ ਲਿਖਿਆ ਹੈ ਅਤੇ ਜੰਗਲਾਤ ਨਾਲ ਸਬੰਧ ਰੱਖਣ ਵਾਲੇ ਹੋਰ ਕਈਆਂ ਦੇ ਵੀ ਵਿਚਾਰ ਲਏ ਹਨ।

ਰਿਪੋਰਟ ਬੀ.ਸੀ. ਦੇ ਲੱਕੜਹਾਰਿਆਂ ਦੇ ਕੰਮ ਦੇ ਖ਼ਤਰਨਾਕ ਹਾਲਾਤਾਂ ਨੂੰ ਨੰਗਿਆਂ ਕਰਦੀ ਹੈ, ਇਨ੍ਹਾਂ ਹਾਲਾਤਾਂ ਦੇ ਕਾਰਨ ਵੱਲ ਇਸ਼ਾਰਾ ਕਰਦੀ ਹੈ ਅਤੇ ਤਜਵੀਜ਼ਾਂ ਪੇਸ਼ ਕਰਦੀ ਹੈ ਕਿ ਇਹ ਹਾਲਾਤ ਬਿਹਤਰ ਕਿਵੇਂ ਬਣਾਏ ਜਾ ਸਕਦੇ ਹਨ। ਜੰਗਲਾਤ ਸਨਅਤ ਵਿਚਲੀ ਅਜਾਰੇਦਾਰੀ ਦਾ ਪਰਦਾ ਫ਼ਾਸ਼ ਕਰਦੀ ਇਹ ਰਿਪੋਰਟ ਦੱਸਦੀ ਹੈ ਕਿ ਇਨ੍ਹਾਂ ਦਾ ਨਵ-ਲਿਬਰਲ ਤਾਣਾ-ਬਾਣਾ ਅਤੇ ਮੁਨਾਫ਼ਿਆਂ ਦੀ ਦੌੜ ਵਿਚ ਸਰਕਾਰ ਵਲੋਂ ਇਨ੍ਹਾਂ ਦੀ ਕੀਤੀ ਜਾਂਦੀ ਮਦਦ ਕਿਵੇਂ ਲੋਕਾਂ ਦਾ ਨੁਕਸਾਨ ਕਰਦੀ ਹੈ।

"ਇਹਦੇ ਕਰਕੇ ਸਾਡੀ ਜੰਗਲਾਤ ਹੁਣ ਮੌਤ ਦਾ ਅਖਾੜਾ ਬਣ ਗਿਆ ਹੈ" ਪ੍ਰੈਸ ਕਾਨਫਰੰਸ ਵਿਚ ਮੈਕਿਬਨ ਨੇ ਰਿਪੋਰਟਰਾਂ ਨੂੰ ਦੱਸਿਆ, "ਇਹ ਸੰਸਾਰ ਵਿਚ ਸਭ ਤੋਂ ਬਹੁਤਾ ਖ਼ਤਰਨਾਕ ਕਿੱਤਾ ਤਾਂ ਪਹਿਲਾਂ ਹੀ ਹੈ"

ਮੈਕਿਬਨ ਰਿਪੋਰਟ ਵਿਚ ਦੱਸਦਾ ਹੈ ਕਿ 1980 ਤੋਂ ਮਗਰੋਂ ਦੇ ਪੰਦਰਾਂ ਸਾਲਾਂ ਤੋਂ (ਜਿਸ ਵੇਲੇ ਕਥਿਤ ਫ੍ਰੀ ਟਰੇਡ ਚਾਲੂ ਹੋਇਆ ਸੀ) ਜੰਗਲਾਤ ਸਨਅਤ ਵਿਚ ਸੁਤੰਤਰ ਠੇਕੇਦਾਰਾਂ ਦੀ ਭਰਮਾਰ ਹੋ ਗਈ ਹੈ ਜਿਨ੍ਹਾਂ ਦੀ ਨੁਮਾਇੰਦਗੀ ਉਹਦੀ ਜਥੇਬੰਦੀ ਕਰਦੀ ਹੈ। ਉਸ ਵੇਲੇ ਤੋਂ ਲੈ ਕੇ ਇਸ ਸਨਅਤ ਵਿਚ ਆਪਣੀ "ਇਕ ਬੰਦੇ ਦੀ ਕੰਪਨੀ" ਬਣਾ ਕੇ ਕੇ ਸੁਤੰਤਰ ਠੇਕੇਦਾਰ ਬਣੇ ਬਗੈਰ ਕੰਮ ਲੱਭਣਾ ਲੱਗ ਪੱਗ ਅਸੰਭਵ ਹੋ ਗਿਆ ਹੈ। ਵੱਡੀਆਂ ਵੱਡੀਆਂ ਕੰਪਨੀਆਂ ਨੇ ਲੱਕੜਹਾਰਿਆਂ ਨੂੰ ਸੁਤੰਤਰ ਠੇਕੇਦਾਰ ਬਣਨ ਤੇ ਮਜਬੂਰ ਕਰਕੇ ਆਪਣੇ ਮੁਨਾਫ਼ੇ ਹੋਰ ਵੀ ਵਧਾ ਲਏ ਹਨ ਕਿਉਂਕਿ ਜਦੋਂ ਕਿਸੇ ਲੱਕੜਹਾਰੇ ਦੇ ਸੱਟ ਲਗਦੀ ਹੈ ਜਾਂ ਮੌਤ ਹੋ ਜਾਂਦੀ ਹੈ ਤਾਂ ਅਜਾਰੇਦਾਰ ਵਰਕਰਜ਼ ਕੰਪਨਸੇਸ਼ਨ ਬੋਰਡ ਦਾ ਖ਼ਰਚਾ ਹੋਰ ਵੱਧ ਜਾਂਦਾ ਹੈ। ਰਿਪੋਰਟ ਦੱਸਦੀ ਹੈ, "ਸੁਤੰਤਰ ਠੇਕੇਦਾਰ ਇਸ ਵੇਲੇ ਇਕ ਅਜਿਹੇ ਮਜ਼ਦੂਰ ਤੋਂ ਵੱਧ ਹੋਰ ਕੁਝ ਨਹੀਂ ਜੋ ਸੰਦ ਵੀ ਆਪਣੇ ਲਿਆਉਂਦਾ ਹੈ ਅਤੇ ਡਬਲਿਊ.ਐਫ਼.ਏ. ਦਾ ਖ਼ਰਚਾ ਵੀ ਆਪਣੇ ਪੱਲਿਉਂ ਕਰਦਾ ਹੈ। ਮਜ਼ਦੂਰਾਂ ਨੂੰ ਇਕ ਬੰਦੇ ਦੀ ਕੰਪਨੀ ਬਣਾਉਣ ਲਈ ਮਜਬੂਰ ਕਰਨ ਦੀ ਰੀਤ ਹੁਣ ਏਨੀ ਪ੍ਰਚਲਤ ਹੋ ਗਈ ਹੈ ਕਿ ਬ੍ਰਿਟਿਸ਼ ਕੋਲੰਬੀਆ ਵਿਚ ਘੱਟ ਹੀ ਕੰਪਨੀਆਂ ਹਨ ਜਿਹਦੇ ਵਿਚ ਇਕ ਤੋਂ ਬਹੁਤੇ ਲੱਕੜਹਾਰੇ ਕੰਮ ਕਰਦੇ ਹਨ ਅਤੇ ਉਨ੍ਹਾਂ ਦੀ ਯੂਨੀਅਨ ਯੂਨਾਈਟਿਡ ਸਟੀਲ ਵਰਕਰਜ਼-ਆਈ ਡਬਲਿਊ ਕੌਂਸਲ ਨੂੰ ਬਾਕੀ ਬਚਦੇ ਲੱਕੜਹਾਰਿਆਂ ਦਾ ਦਰਜਾ ਬਰਕਰਾਰ ਰੱਖਣ ਲਈ ਮੁੜ ਮੁੜ ਕੇ ਇਨ੍ਹਾਂ ਕੰਪਨੀਆਂ ਨਾਲ ਲੜਨਾ ਪੈਂਦਾ ਹੈ।

"ਸਾਡੇ ਵਿਚੋਂ ਬਹੁਤੇ ਆਪਣੀਆਂ ਕੰਪਨੀਆਂ ਬਣਾਉਣ ਦੇ ਚੱਕਰ ਵਿਚ ਨਹੀਂ ਸੀ ਪੈਣਾ ਚਾਹੁੰਦੇ ਲੇਕਿਨ ਲੇਕਿਨ ਮਜਬੂਰ ਕਰ ਦਿਤੇ ਗਏ ਹਾਂ ਕਿਉਂਕਿ ਇਹਦੇ ਬਗੈਰ ਜੰਗਲਾਤ ਦੀ ਸਨਅਤ ਵਿਚ ਆਪਣੀ ਨੌਕਰੀ ਬਚਾਉਣੀ ਤੇ ਕਰਨੀ ਬਹੁਤ ਮੁਸ਼ਕਲ ਸੀ"।

ਆਈ.ਡਬਲਿਊ.ਏ. ਦੇ ਇਕ ਬੁਲਾਰਾ, ਜਿਹਨੇ  ਬੀ.ਸੀ. ਦੀ ਜੰਗਲਾਤ ਇੰਡਸਟਰੀ ਅੰਦਰ ਸੇਫ਼ਟੀ ਦੇ ਮਸਲੇ ਤੇ 2002 ਵਿਚ ਇਕ ਰਿਪੋਰਟ ਲਿਖੀ, ਧਿਆਨ ਦਿਵਾਉਂਦਾ ਹੈ ਕਿ ਠੇਕੇਦਾਰਾਂ ਅਤੇ ਛੋਟੇ ਠੇਕੇਦਾਰਾਂ ਦੀ ਸਿਹਤ ਅਤੇ ਹਿਫ਼ਾਜ਼ਤ ਦੀ ਜਿੰਮੇਵਾਰੀ ਸਨਅਤ ਵਿਚਲੇ ਅਜਾਰੇਦਾਰਾਂ ਸਿਰ ਹੋਣੀ ਚਾਹੀਦੀ ਹੈ। "ਕਈ ਵੱਡੀਆਂ ਕੰਪਨੀਆਂ ਲੱਕੜ ਕਟਾਈ ਦੇ ਕੰਮ ਦੇ ਇਕ ਖ਼ਾਸ ਮਰਹਲੇ ਵਿਚਲਾ ਕੰਮ, ਦਰਖ਼ਤ ਵੱਢਣ ਦਾ ਕੰਮ ਜੋ ਕਿ ਸਭ ਤੋਂ ਖ਼ਤਰਨਾਕ ਕੰਮ ਹੈ ਆਪ ਨਹੀਂ ਕਰਦੀਆਂ।" ਉਸ ਨੇ ਦਸਿਆ "ਜੇ ਕਿਸੇ ਜੰਗਲ ਨੂੰ ਵੱਢਣ ਦਾ ਲਸੰਸ ਤੁਹਾਡੇ ਕੋਲ ਹੈ ਤਾਂ ਜੰਗਲ ਵਿਚ ਕੰਮ ਕਰਨ ਵਾਲਿਆਂ ਦੀ ਸਿਹਤ ਅਤੇ ਹਿਫ਼ਾਜ਼ਤ ਦੀ ਜ਼ੁੰਮੇਵਾਰੀ ਵੀ ਤੁਹਾਡੇ ਹੀ ਸਿਰ ਹੋਣੀ ਚਾਹੀਦੀ ਹੈ। ਵੱਡੀਆਂ ਕੰਪਨੀਆਂ ਨੂੰ ਇਹ ਇਜਾਜ਼ਤ ਨਹੀਂ ਹੋਣੀ ਚਾਹੀਦੀ ਕਿ ਹਿਫ਼ਾਜ਼ਤ ਦੀ ਆਪਣੀ ਜ਼ੁੰਮੇਵਾਰੀ ਉਹ ਆਪਣੇ ਠੇਕੇਦਾਰਾਂ ਦੇ ਸਿਰ ਪਾ ਦੇਣ"।

ਕੰਪਨੀਆਂ ਵਲੋਂ ਆਪਣੇ ਲੱਕੜਹਾਰਿਆਂ ਤੋਂ ਪੱਲਾ ਝਾੜਨ ਦੀ ਇਕ ਤਾਜ਼ਾ ਮਿਸਾਲ  ਲੋਕਲ 2171 ਵਲੋਂ 2003 ਵਿਚ ਪੇਸ਼ ਕੀਤੀ ਗਈ ਇਕ ਰਿਪੋਰਟ ਵਿਚ ਮਿਲਦੀ ਹੈ। ਇਹਦੀ ਵੈਬ ਸਾਈਟ ਉੱਤੇ ਪਈ ਇਕ ਲਿਖਤ ਵਿਚ ਦਸਿਆ ਗਿਆ ਕਿ "ਵੇਇਰਹਾਊਜ਼ਰ ਸੋਚਦਾ ਹੈ ਕਿ ਉਨ੍ਹਾਂ ਨੇ *ਕੋਸਟ ਮਾਸਟਰ ਐਗਰੀਮੈਂਟ* ਦੇ *ਕੰਟਰੈਕਟਿੰਗ ਆਊਟ* ਆਰਟੀਕਲ ਤਹਿਤ ਆਪਣੀ ਜ਼ੁੰਮੇਵਾਰੀ ਤੋਂ ਬਚਣ ਦਾ ਇਕ ਨਵਾਂ ਢੰਗ ਲੱਭ ਲਿਆ ਹੈ। ਕੰਪਨੀ ਦੇ ਕਰਮਚਾਰੀਆਂ ਦੀ ਥਾਂ ਲੈਣ ਲਈ ਠੇਕੇਦਾਰਾਂ ਨੂੰ ਲਿਆਉਣ ਦੀ ਥਾਂ ਉਹ ਕਾਮਿਆਂ ਨੂੰ ਇਕ ਨਵੀਂ ਕੰਪਨੀ ਵਿਚ ਭੇਜਣ ਦੀ ਕੋਸ਼ਿਸ਼ ਕਰ ਰਹੇ ਹਨ। ਆਪਣੇ ਪੋਰਟ ਮੈਕਨੀਲ ਡਿਵੀਜ਼ਨ ਵਿਚ, ਵੇਇਰਹਾਊਜ਼ਰ ਨੇ ਆਪਣੇ ਕਾਮਿਆਂ ਨੂੰ ਦਸਿਆ ਕਿ ਹੁਣ ਕੰਪਨੀ ਨੇ ਰੁੱਖ ਵੱਢਣ ਦਾ ਕੰਮ ਆਪ ਕਰਨਾ ਛੱਡ ਦੇਣਾ ਹੈ।" ਪੋਰਟ ਮੈਕਨੀਲ ਡਿਵੀਜ਼ਨ ਦੇ ਵਰਕਰਾਂ ਨੂੰ 24 ਮਾਰਚ 2003 ਤੱਕ ਦਾ ਸਮਾਂ ਦਿਤਾ ਗਿਆ ਕਿ " ਫੈਸਲਾ ਕਰੋ ਕਿ ਨਵੇਂ ਇੰਪਲਾਇਰ (ਕੋਸਟ ਫੌਰੈਸਟ ਇੰਡਸਟਰੀ ਲਿਮਟਿਡ) ਕੋਲ ਕੰਮ ਕਰਨਾ ਹੈ ਕਿ ਕੰਪਨੀ ਦੇ ਕਿਸੇ ਹੋਰ ਹਿਸੇ ਵਿਚ ਕੰਮ ਤੇ ਭੇਜ ਦੇਈਏ। ਕੋਸਟ ਫੌਰੈਸਟ ਇੰਡਸਟਰੀ ਲਿਮਟਿਡ ਇਕ ਯੂਨੀਅਨ ਰਹਿਤ ਕੰਪਨੀ ਹੈ ਅਤੇ ਮਜ਼ਦੂਰਾਂ ਲਈ ਉਹਦੇ ਕੋਲ ਪੈਨਸ਼ਨ ਪਲੈਨ ਤੇ ਹੈਲਥ ਵੈਲਫੇਅਰ ਪਲੈਨ ਵੀ ਨਹੀਂ ਹਨ।"

ਡਬਲਿਊ.ਐਫ਼.ਏ. ਰਿਪੋਰਟ ਅਜੇਹੇ ਬਹੁਤ ਸਾਰੇ ਤੱਤਾਂ ਦੀ ਨਿਸ਼ਾਨਦੇਹੀ ਕਰਦੀ ਹੈ ਜੋ ਜੰਗਲਾਤ ਦੇ ਅਜਾਰੇਦਾਰਾਂ ਦੇ ਬਹੁਤੇ ਮੁਨਾਫ਼ੇ ਬਣਾਉਣ ਦੀ ਲਾਲਸਾ ਨਾਲ ਤਅੱਲਕ ਰੱਖਦੇ ਹਨ ਅਤੇ ਮਜ਼ਦੂਰਾਂ ਦੀ ਹਿਫ਼ਾਜ਼ਤ ਲਈ ਖ਼ਤਰਾ ਪੈਦਾ ਕਰਦੇ ਹਨ। ਇਹ ਕਹਿੰਦੀ ਹੈ " ਬਹੁਤਾ ਕੰਮ ਨਿਬੇੜਨ ਲਈ ਦਬਾਅ ਪਾਉਣਾ ਇਕ ਅਜੇਹਾ ਤੱਤ ਹੋ ਸਕਦਾ ਹੈ ਜੋ ਬੀ.ਸੀ. ਵਿਚ ਰੁੱਖ ਵੱਢਣ ਵਾਲਿਆਂ ਨਾਲ ਹੁੰਦੇ  ਹਾਦਸਿਆਂ ਵਿਚ ਵਾਧਾ ਕਰਦਾ ਹੋਵੇ"।

ਠੇਕੇ ਤੇ ਕੰਮ ਕਰਨ ਦਾ ਸਿਸਟਮ ਮਜ਼ਦੂਰਾਂ ਵਿਚ ਮੁਕਾਬਲਾ ਤੇਜ਼ ਕਰਦਾ ਹੈ। " ਹਕੀਕਤ ਇਹ ਹੈ ਕਿ ਘੱਟ ਤੋਂ ਘੱਟ ਠੇਕੇ ਉੱਤੇ ਰੁੱਖ ਵੱਢਣ ਦਾ ਕੰਮ ਕਰਨਾ ਪੈਣ ਕਰਕੇ ਕੰਮ ਬਹੁਤ ਤੇਜ਼ੀ ਨਾਲ ਕਰਨਾ ਪੈਂਦਾ ਜੋ ਹਿਫ਼ਾਜ਼ਤ ਨਾਲ ਅਤੇ ਸੱਟ ਫੇਟ ਤੋਂ ਬਚ ਕੇ ਕੰਮ ਕਰਨ ਨੂੰ ਹੋਰ ਵੀ ਮੁਸ਼ਕਲ ਬਣਾਉਂਦਾ ਹੈ।" ਰਿਪੋਰਟ ਵਿਚ ਕਿਹਾ ਗਿਆ ਹੈ ਕਿ "ਮੈਂ ਇਹ ਕੰਮ ਸਸਤੇ ਵਿਚ ਕਰ ਸਕਦਾ ਹਾਂ" ਦਾ ਇਹ ਰਵਈਆ ਸਾਰੇ ਰੁੱਖ ਵੱਢਣ ਵਾਲਿਆਂ ਦੀ ਸਲਾਮਤੀ ਨੂੰ ਹੋਰ ਵੀ ਖ਼ਤਰਾ ਖੜ੍ਹਾ ਕਰਦਾ ਹੈ।

ਰਿਪੋਰਟ ਵਿਚ ਹੋਰ ਦਸਿਆ ਗਿਆ ਹੈ ਕਿ ਬਹੁਤ ਸਾਰੇ ਰੁੱਖ ਵੱਢਣ ਵਾਲੇ ਆਪਣੀ ਸੱਟ ਫੇਟ ਦੀ ਰਿਪੋਰਟ ਨਾ ਕਰਨ ਲਈ ਦਬਾਅ ਹੇਠ ਹਨ ਅਤੇ ਕਈ ਵਾਰੀ ਲੱਗੀ ਹੋਈ ਸੱਟ ਨੂੰ ਠੀਕ ਹੋਣ ਲਈ ਲੋੜੀਂਦਾ ਵਕਤ ਦੇਣ ਲਈ ਕੰਮ ਤੋਂ ਛੁਟੀ ਵੀ ਨਹੀਂ ਕਰਦੇ ਜਿਹਦੀ ਬਦੌਲਤ ਉਨ੍ਹਾਂ ਦੇ ਆਪਣੇ ਵੀ ਹੋਰ ਸੱਟਾਂ ਲੱਗਣ ਦੀ ਸੰਭਾਵਨਾ ਵਧਦੀ ਹੈ ਤੇ ਲਾਗੇ ਕੰਮ

ਕਰਨ ਵਾਲਿਆਂ ਦੇ ਸੱਟ ਲੱਗਣ ਦਾ ਖ਼ਤਰਾ ਵੀ ਵਧਦਾ ਹੈ। ਵੱਢੇ ਹੋਏ ਰੁੱਖਾਂ ਨੂੰ ਜਲਦੀ ਜਲਦੀ ਬਾਹਰ ਲੈ ਜਾਣ ਦੀ ਦੌੜ ਵਿਚ ਕੰਪਨੀਆਂ ਦੂਜੇ ਮਜ਼ਦੂਰਾਂ ਨੂੰ ਰੁੱਖ ਵੱਢ ਕੇ ਸੁੱਟਣ ਵਾਲਿਆਂ ਦੇ ਬਹੁਤਾ ਨਜ਼ਦੀਕ ਕੰਮ ਕਰਨ ਲਈ ਮਜਬੂਰ ਕਰਦੀਆਂ ਹਨ ਜਿਹਦੇ ਨਾਲ ਦੋਵਾਂ ਦੀ ਹੀ ਸਲਾਮਤੀ ਨੂੰ ਖ਼ਤਰਾ ਪੈਦਾ ਹੁੰਦਾ ਹੈ। ਰਿਪੋਰਟ ਦੱਸਦੀ ਹੈ ਕਿ ਕਿਵੇਂ ਖ਼ਾਸ ਕਿਸਮ ਦੇ ਰੁੱਖ ਚੁਣ ਚੁਣ ਕੇ ਵੱਢੇ ਜਾ ਰਹੇ ਹਨ, ਅਤੇ ਜਿਵੇਂ ਜਿਵੇਂ ਸੂਬੇ ਦੇ ਬਹੁਤੇ ਰੁੱਖ ਵੱਢ ਹੋ ਰਹੇ ਹਨ ਤਾਂ ਹੋਰ ਰੁੱਖ ਵੱਢਣ ਵਾਸਤੇ ਹੋਰ ਵੀ ਉਤਾਂਹ ਅਤੇ ਦੂਰ ਦੂਰ ਦੇ ਇਲਾਕੇ ਵਿਚ ਜਾਣਾ ਪੈ ਰਿਹਾ ਹੈ, ਵੱਢੇ ਜਾ ਰਹੇ ਰੁੱਖਾਂ ਦੀ ਮੋਟਾਈ ਨੂੰ ਘਟਾਇਆ ਜਾ ਰਿਹਾ ਹੈ, ਅਤੇ ਕੰਪਨੀਆਂ ਰੁੱਖ ਵੱਢਣ ਵਾਲਿਆਂ ਨੂੰ ਰੁੱਖ ਵੱਢ ਕੇ ਸੁੱਟਣ ਦੇ ਹੋਰ ਵੀ ਖ਼ਤਰਨਾਕ ਤਰੀਕੇ ਅਖ਼ਤਿਆਰ ਕਰਨ ਲਈ ਮਜਬੂਰ ਕਰ ਰਹੀਆਂ ਹਨ ਜਿਵੇਂ ਕਿ ਧਰਤੀ ਦੀ ਖਿੱਚ ਦੇ ਉਲਟ ਦਰਖ਼ਤ ਗਿਰਾਉਣਾ। ਇਸ ਸਭ ਕਾਸੇ ਨਾਲ ਕੰਮ ਦੇ ਹਾਲਾਤ ਹੋਰ ਵੀ ਖ਼ਤਰਨਾਕ ਬਣਦੇ ਹਨ। ਜੰਗਲ ਵਿਚ ਸੜਕਾਂ ਬਣਾਉਣ ਵਾਲਿਆਂ ਅਤੇ ਲਕੜੀ ਕੱਟਣ ਦੇ ਭਾਰੇ ਸੰਦਾਂ ਨਾਲ ਕੀਤੀ ਗਈ ਭੰਨ ਤੋੜ ਵੀ ਰੁੱਖ ਵੱਢਣ ਵਾਲਿਆਂ ਦੇ ਸੱਟਾਂ ਲੱਗਣ ਦਾ ਕਾਰਨ ਬਣਦੀ ਹੈ। ਇਸ ਵੇਲੇ ਕੰਪਨੀਆਂ ਰੁੱਖ ਵਾਢਿਆਂ ਨੂੰ ਚੜ੍ਹਾਈ ਉੱਤੇ ਇਕ ਦੂਜੇ ਦੇ ਉਪਰ-ਥੱਲੇ ਕੰਮ ਤੇ ਲਾਈ ਰੱਖਦੀਆਂ ਹਨ। ਚੜ੍ਹਾਈਆਂ ਉਤੇ ਇਕ ਦੂਸਰੇ ਦੇ ਹੇਠਾਂ ਉਪਰ ਰੱਖ ਵੱਢਣ ਦਾ ਇਹ ਅਮਲ ਮੌਤਾਂ ਦਾ ਕਾਰਨ ਬਣ ਸਕਦਾ ਹੈ ਕਿਉਂਕਿ ਉਪਰ ਵੱਢ ਕਿ ਸੁਟੇ ਹੋਏ ਦਰਖ਼ਤ ਹੇਠਾਂ ਵੱਲ ਨੂੰ ਰੁੜ੍ਹ ਕੇ ਹੇਠਾਂ ਕੰਮ ਕਰ ਰਹੇ ਮਜ਼ਦੂਰਾਂ ਦੀ ਜਾਨ ਲੈ ਸਕਦੇ ਹਨ।

ਸੁਤੰਤਰ ਠੇਕੇਦਾਰਾਂ ਦੇ ਤੌਰ ਤੇ ਕੰਮ ਕਰ ਰਹੇ ਬਹੁਤ ਸਾਰੇ ਰੁੱਖ ਵਾਢੇ ਥੋੜ ਚਿਰੇ ਠੇਕੇ ਦਾ ਕੰਮ ਕਰਦੇ ਹਨ ਅਤੇ ਕੋਈ ਪਤਾ ਨਹੀਂ ਹੁੰਦਾ ਦੇ ਕਿ ਉਨ੍ਹਾਂ ਨੂੰ ਅਗਲੇ ਦਿਨ ਦਾ ਕੰਮ ਮਿਲੇਗਾ ਵੀ ਕਿ ਨਹੀਂ। ਆਪਣੇ ਖ਼ਰਚੇ ਕੱਢ ਕੇ ਉਹ ਮਸਾਂ ਹੀ ਗਰੀਬੀ ਦੀ ਸਤਰ ਦੇ ਕਰੀਬ ਦੀ ਜ਼ਿੰਦਗੀ ਜਿਉਂਦੇ ਹਨ ਅਤੇ ਹਮੇਸ਼ਾਂ ਡਰ ਬਣਿਆਂ ਰਹਿੰਦਾ ਹੈ ਕਿ ਟੈਕਸ ਕਿਥੋਂ ਦਿਤਾ ਜਾਵੇਗਾ ਜਿਹਦੀ ਜ਼ੁੰਮੇਵਾਰੀ ਵੀ ਉਨ੍ਹਾਂ ਦੇ ਹੀ ਸਿਰ ਹੁੰਦੀ ਹੈ ਅਤੇ ਹੋਰ ਜ਼ੁੰਮੇਂਵਾਰੀਆਂ ਦਾ ਵੀ ਫ਼ਿਕਰ ਹੁੰਦਾ ਹੈ ਜੋ ਉਨ੍ਹਾਂ ਨੂੰ ਕੰਮ ਤੇ ਪੂਰਾ ਧਿਆਨ ਦੇਣ ਤੋਂ ਰੋਕਦਾ ਹੈ। ਕੰਪਨੀਆਂ ਉਨ੍ਹਾਂ ਉੱਤੇ ਕੰਮ ਦੇ ਹੋਰ ਲੰਬੇ ਘੰਟੇ ਕੰਮ ਕਰਨ ਅਤੇ ਕਈ ਕਈ ਦਿਨ ਬਗੈਰ ਛੁਟੀ ਦੇ ਕੰਮ ਕਰਨ ਲਈ ਦਬਾਅ ਪਾਉਂਦੀਆਂ ਜੋ ਕਾਮਿਆਂ ਦੀ ਸਲਾਮਤੀ ਨੂੰ ਹੋਰ ਖ਼ਤਰਾ ਪੈਦਾ ਕਰਦੇ ਹਨ।

ਰਿਪੋਰਟ ਵਿਚ ਕੰਪਨੀਆਂ ਦੇ ਮੌਜੂਦਾ ਰਵੱਈਏ "ਖ਼ਤਰਨਾਕ ਹੋਵੇ ਜਾਂ ਸੁਰੱਖਿਅਤ, ਕੰਮ ਨਿਬੇੜਨ ਲਈ ਜੋ ਵੀ ਕਰਨਾ ਪਵੇ ਕਰੋ," ਦੀ ਨਿਖੇਧੀ ਕੀਤੀ ਗਈ ਹੈ। "ਸਾਨੂੰ ਨੌਕਰੀਆਂ ਜਾਣ ਦਾ ਡਰ ਦੇ ਕੇ ਬਲੈਕ ਮੇਲ ਕਰਨਾ ਬੀ.ਸੀ. ਦੀਆਂ ਕੰਪਨੀਆਂ ਦਾ ਹੁਣ ਇਕ ਦਸਤੂਰ ਬਣ ਗਿਆ ਹੈ ਤੇ ਰੁੱਖ ਵਾਢਿਆਂ ਨੂੰ ਉਹ ਕੁਝ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਜੋ ਉਨ੍ਹਾਂ ਲਈ ਨੁਕਸਾਨ ਦਾਇਕ ਹੈ। ਚੰਗੇ ਭਲੇ ਮਜ਼ਦੂਰਾਂ ਨੂੰ ਨੌਕਰੀਆਂ ਤੋਂ ਸਿਰਫ਼ ਇਸ ਕਰਕੇ ਜਵਾਬ ਦੇ ਦਿੱਤਾ ਜਾਂਦਾ ਹੈ ਕਿਉਂਕਿ ਉਹ ਸੇਫ਼ਟੀ ਦਾ ਸਵਾਲ ਉਠਾ ਬੈਠੇ ਸਨ ਪਰ ਨੌਕਰੀ ਤੋਂ ਉਨ੍ਹਾਂ ਦੀ ਬਰਖ਼ਾਸਤਗੀ ਲਈ ਬਹਾਨਾ ਸਦਾ ਕੋਈ ਹੋਰ ਹੀ ਪੇਸ਼ ਕੀਤਾ ਜਾਂਦਾ ਹੈ। ਇਸ ਕਰਕੇ, ਬਾਕੀ ਰੁੱਖ ਵਾਢੇ ਵੇਖ ਕੇ ਵੀ ਚੁਪ ਰਹਿੰਦੇ ਹਨ ਕਿਉਂਕਿ ਆਪਣੀ ਨੌਕਰੀ ਜਾਣ ਦਾ ਖ਼ਤਰਾ ਉਹ ਨਹੀਂ ਲੈਣਾ ਚਾਹੁੰਦੇ।"

ਰਿਪੋਰਟ ਮੰਗ ਕਰਦੀ ਹੈ ਕਿ ਜੰਗਲਾਤ ਦੇ ਅਜਾਰੇਦਾਰਾਂ ਸਿਰ ਇਹ ਜ਼ੁੰਮੇਵਾਰੀ ਦਿਤੀ ਜਾਵੇ ਕਿ ਉਨ੍ਹਾਂ ਦੇ ਭਾੜੇ ਤੇ ਲਏ ਹੋਏ ਜੰਗਲਾਂ ਦੀ ਕਟਾਈ ਦੇ ਠੇਕੇਦਾਰ ਜੇ ਆਪਣੇ ਜੰਗਲਾਤ ਮਜ਼ਦੂਰਾਂ ਦੀ ਸਲਾਮਤੀ ਯਕੀਨੀ ਨਹੀਂ ਬਣਾਉਂਦੇ ਤਾਂ ਉਨ੍ਹਾਂ ਦਾ ਕਾਰੋਬਾਰ ਠੱਪ ਕਰ ਦਿਤਾ ਜਾਵੇ। ਇਹ ਰਿਪੋਰਟ ਤਬਦੀਲੀ ਲਈ ਹੋਰ ਵੀ ਕਈ ਤਜਵੀਜ਼ਾਂ ਪੇਸ਼ ਕਰਦੀ ਹੈ ਜੋ ਜੰਗਲਾਂ ਵਿਚ ਰੁੱਖ ਵੱਢਣ ਦਾ ਅਤੇ ਲੱਕੜ ਦਾ ਹੋਰ ਕੰਮ ਕਰਨ ਵਾਲਿਆਂ ਦੀ ਸਲਾਹ ਨਾਲ ਬਣਾਈਆਂ ਗਈਆਂ ਹਨ ਜੋ ਹਰ ਰੋਜ਼ ਇਨ੍ਹਾਂ ਹਾਲਾਤਾਂ ਵਿਚ ਕੰਮ ਕਰਦੇ ਹਨ। ਇਹ ਜੰਗਲਾਤ ਮਹਿਕਮੇ ਦੀ ਅਤੇ ਡਬਲਿਊ.ਐਫ਼.ਏ. ਦੀ ਨਿਖੇਧੀ ਕਰਦੀ ਹੈ ਜੋ ਜੰਗਲਾਤ ਸਨਅਤ ਦੇ ਮਜ਼ਦੂਰਾਂ ਦੀ ਸਲਾਮਤੀ ਖ਼ਤਰੇ ਵਿਚ ਪਾਉਂਦੇ ਹਨ।

ਡਬਲਿਊ.ਐਫ਼.ਏ. ਕਹਿੰਦੀ ਹੈ, "ਬੇਸ਼ੱਕ ਅਸੀਂ ਬਹੁਤਾ ਕਰਕੇ ਸੁਤੰਤਰ ਰੁੱਖ ਵਾਢਿਆਂ ਦੀ ਨੁਮਾਇੰਦਗੀ ਕਰਦੇ ਹਾਂ ਪਰ ਰੁੱਖ ਵਾਢਿਆਂ ਦੇ ਤੌਰ ਤੇ ਸਿਹਤ, ਸਲਾਮਤੀ ਅਤੇ ਆਮ ਭਲਾਈ ਲਈ ਸਾਡੀ ਚਿੰਤਾ ਉਂਨਾਂ ਵਾਢਿਆਂ ਲਈ ਵੀ ਹੈ ਜੋ ਕੰਪਨੀਆਂ ਵਿਚ ਕੰਮ ਕਰਦੇ ਹਨ ਅਤੇ ਯੂਨੀਅਨਾਂ ਦੇ ਮੈਂਬਰ ਹਨ। ਸਾਡੇ ਬਹੁਤ ਸਾਰੇ ਮੈਂਬਰ ਵੀ ਕਿਸੇ ਨਾ ਕਿਸੇ ਵੇਲੇ ਯੂਨੀਅਨਾਂ ਦੇ ਮੈਂਬਰ ਰਹੇ ਹੋਏ ਹਨ। ਜੰਗਲਾਤ ਦੀ ਕਟਾਈ ਵਿਚ ਜਿਥੋਂ ਤੱਕ ਹੱਥੀ ਰੁੱਖ ਵੱਢ ਕੇ ਸੁੱਟਣ ਦਾ ਸੁਆਲ ਹੈ, ਇਕ ਰੁੱਖ ਵਾਢਾ ਇਕ ਰੁੱਖ ਵਾਢਾ ਹੀ ਹੈ।"

ਰੁੱਖ ਵਾਢਿਆਂ ਦੀ ਇਹ ਦਸ਼ਾ ਉਸ ਮਾੜੀ ਸਥਿਤੀ ਦੀ ਇਕ ਟੁੰਬਵੀਂ ਮਿਸਾਲ ਹੈ ਜਿਹਦਾ ਸਾਹਮਣਾ ਮੁਲਕ ਭਰ ਦੀਆਂ ਸਾਰੀਆਂ ਹੀ ਸਨਅਤਾਂ ਦੇ ਮਜ਼ਦੂਰ ਇਸ ਵੇਲੇ ਕਰ ਰਹੇ ਹਨ। ਰੁੱਖ ਵਾਢਿਆਂ ਦੀ ਮਿਸਾਲ ਦੱਸਦੀ ਹੈ ਕਿ ਕਿਵੇਂ ਅਜਾਰੇਦਾਰੀਆਂ ਦੀ ਮੁੜ-ਤਰਤੀਬਬੰਦੀ ਜੰਗਲਾਤ ਮਜ਼ਦੂਰਾਂ ਨੂੰ ਆਪਣੀ ਸਾਂਝੀ ਸ਼ਕਤੀ ਨੂੰ ਵਰਤਣ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੀ ਹੈ। ਜੰਗਲਾਂ ਦੀ ਕਟਾਈ ਦੇ ਠੇਕੇਦਾਰਾਂ ਦਾ ਸਾਹਮਣਾ ਉਨ੍ਹਾਂ ਨੂੰ ਇਕੱਲੇ ਇਕੱਲੇ ਕਰਨਾ ਪੈ ਰਿਹਾ ਹੈ "ਇਕ ਬੰਦਾ ਇਕ ਕੰਪਨੀ" ਜਿਨ੍ਹਾਂ ਦੀ ਭਰਤੀ ਤੇ ਛੁੱਟੀ ਵੱਡੇ ਠੇਕੇਦਾਰ ਆਪਣੀ ਮਨਮਰਜ਼ੀ ਨਾਲ ਕਰ ਰਹੇ ਹਨ। ਰਿਪੋਰਟ ਵਿਚ ਉਨ੍ਹਾਂ ਨੂੰ "ਕੱਢੇ ਜਾ ਸਕਣ ਵਾਲੇ ਕਾਮੇ" ਕਿਹਾ ਗਿਆ ਹੈ। ਕੰਮ ਤੇ ਰੱਖੇ ਤੇ ਕੱਢੇ ਜਾਣ ਵਿਚ ਇਹ ਕਾਮੇ ਇਕ ਦੂਸਰੇ ਨਾਲ ਮੁਕਾਬਲਾ ਕਰਨ ਲਈ ਮਜਬੂਰ ਹਨ ਅਤੇ ਇਸ ਤਰੀਕੇ ਨਾਲ ਆਪਣੇ ਜੀਵਨ ਦੇ ਸਾਂਝੇ ਮਿਆਰ ਨੂੰ ਥੱਲੇ ਲਿਜਾਣ ਲਈ ਵੀ ਅਤੇ ਯੂਨੀਅਨਾਂ ਦੇ ਮੈਂਬਰ ਮਜ਼ਦੂਰਾਂ ਦੇ ਜੀਵਨ ਮਿਆਰ ਨੂੰ ਨੀਵਾਂ ਕਰਨ ਦਾ ਵੀ ਵਸੀਲਾ ਬਣ ਰਹੇ

ਹਨ। ਦੂਸਰੇ ਸੰਸਾਰ ਯੁੱਧ ਮਗਰੋਂ ਜਿਸ ਤਰ੍ਹਾਂ ਮਜ਼ਦੂਰਾਂ ਨੂੰ ਆਪਣੇ ਸਾਂਝੇ ਹੱਕਾਂ ਦੀ ਕਾਨੂੰਨੀ ਮਾਨਤਾ ਨੂੰ ਹਾਸਲ ਕਰਨ ਲਈ ਵੱਡਾ ਸੰਘਰਸ਼ ਕਰਨਾ ਪਿਆ ਸੀ ਇਵੇਂ ਹੀ ਇਕ ਵਾਰ ਫਿਰ ਇਹ ਸੰਘਰਸ਼ ਇਨ੍ਹਾਂ ਦੇ ਸਾਹਮਣੇ ਖੜ੍ਹਾ ਹੈ। ਕੰਮ ਤੋਂ ਵਕਤ ਸਿਰ ਸਹੀ ਸਲਾਮਤ ਘਰ ਆਉਣ ਦੀ ਬੁਨਿਆਦੀ ਆਸ ਨੂੰ ਪੂਰੀ ਕਰਨ ਲਈ ਵੀ ਲਗਦਾ ਹੈ ਕਿ ਮਜ਼ਦੂਰਾਂ ਨੂੰ ਇਕ ਵਾਰ ਫਿਰ ਸੰਘਰਸ਼ ਕਰਨਾ ਪੈਣਾ ਹੈ।

***ਅਜਾਰੇਦਾਰਾਂ ਦੀਆਂ ਪੈਦਾ ਕੀਤੀਆਂ ਗੈਰ ਮਹਿਫ਼ੂਜ਼ ਹਾਲਤਾਂ ਵਿਚ ਜੰਗਲਾਤ ਮਜ਼ਦੂਰਾਂ ਨੂੰ ਕੰਮ ਕਰਨ ਲਈ ਮਜਬੂਰ ਕਰਨ ਨਾਲ ਲਗਦੀਆਂ ਸੱਟਾਂ ਤੇ ਮੌਤਾਂ ਦੀ ਨਿਖੇਧੀ ਕਰੋ!***

***ਜੰਗਲਾਤ ਮਜ਼ਦੂਰਾਂ ਦੀ ਇਸ ਮੰਗ ਨਾਲ ਡੱਟ ਕੇ ਖੜ੍ਹੇ ਹੋਵੋ ਕਿ ਪ੍ਰਾਂਤਕ ਅਤੇ ਫੈਡਰਲ ਸਰਕਾਰਾਂ ਇਨ੍ਹਾਂ ਨਿਰਦਈ ਹਾਲਾਤਾਂ ਨੂੰ ਖ਼ਤਮ ਕਰਨ!***